| ਫਾਰਮ **13614-C** (ਅਕਤੂਬਰ 2022) | Department of the Treasury - Internal Revenue Service<br>**ਦਾਖ਼ਲਾ/ਇੰਟਰਵਿਊ ਅਤੇ ਗੁਣਵੱਤਾ ਸਮੀਖਿਆ ਸ਼ੀਟ** | OMB Number 1545-1964 |
|---|---|---|

**ਤੁਹਾਨੂੰ ਲੋੜ ਹੋਵੇਗੀ:**
- **ਟੈਕਸ ਸੂਚਨਾ ਜਿਵੇਂ ਕਿ ਫਾਰਮ W-2, 1099, 1098, 1095।**
- **ਤੁਹਾਡੀ ਟੈਕਸ ਰਿਟਰਨ 'ਤੇ ਸਾਰੇ ਵਿਅਕਤੀਆਂ ਲਈ ਸਮਾਜਿਕ ਸੁਰੱਖਿਆ ਕਾਰਡ ਜਾਂ ITIN ਪੱਤਰ।**
- **ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਲਈ ਤਸਵੀਰ ID (ਜਿਵੇਂ ਕਿ ਵੈਧ ਡ੍ਰਾਈਵਰ ਲਾਇਸੈਂਸ)।**

- **ਕਿਰਪਾ ਕਰਕੇ ਇਸ ਫਾਰਮ ਦੇ 1-4 ਪੰਨੇ ਨੂੰ ਪੂਰਾ ਕਰੋ।**
- **ਆਪਣੀ ਰਿਟਰਨ ਬਾਰੇ ਜਾਣਕਾਰੀ ਲਈ ਤੁਸੀਂ ਜ਼ਿੰਮੇਵਾਰ ਹੋ। ਕਿਰਪਾ ਕਰਕੇ ਸੰਪੂਰਨ ਅਤੇ ਸਹੀ ਜਾਣਕਾਰੀ ਪ੍ਰਦਾਨ ਕਰੋ।**
- **ਜੇਕਰ ਤੁਸੀਂ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ IRS-ਪ੍ਰਮਾਣਤ ਸਵੈਸੇਵਕ ਤਿਆਰ ਕਰਨ ਵਾਲੇ ਨੂੰ ਪੁੱਛੋ।**

**ਸਵੈਸੇਵਕਾਂ ਨੂੰ ਉੱਚ ਗੁਣਵੱਤਾ ਵਾਲੀ ਸੇਵਾ ਪ੍ਰਦਾਨ ਕਰਨ ਅਤੇ ਉੱਤਮ ਨੈਤਿਕ ਮਿਆਰਾਂ ਨੂੰ ਬਰਕਰਾਰ ਰੱਖਣ ਦੀ ਸਿਖਲਾਈ ਦਿੱਤੀ ਜਾਂਦੀ ਹੈ।**
**IRS ਨੂੰ ਅਨੈਤਿਕ ਵਿਹਾਰ ਬਾਰੇ ਸੂਚਿਤ ਕਰਨ ਲਈ, ਸਾਨੂੰ wi.voltax@irs.gov 'ਤੇ ਈਮੇਲ ਕਰੋ**

## ਭਾਗ I - ਤੁਹਾਡੀ ਨਿੱਜੀ ਜਾਣਕਾਰੀ (ਜੇਕਰ ਤੁਸੀਂ ਸੰਯੁਕਤ ਰਿਟਰਨ ਭਰ ਰਹੇ ਹੋ, ਤਾਂ ਪਿਛਲੇ ਸਾਲ ਦੀ ਰਿਟਰਨ ਦੇ ਕ੍ਰਮ ਵਿੱਚ ਆਪਣਾ ਨਾਮ ਦਰਜ ਕਰੋ)

| | | | | |
|---|---|---|---|---|
| 1. ਤੁਹਾਡਾ ਪਹਿਲਾ ਨਾਮ | ਵਿਚਕਾਰਲਾ ਨਾਮ | ਆਖ਼ਰੀ ਨਾਮ | ਸਹੀ ਸੰਪਰਕ ਨੰਬਰ | ਕੀ ਤੁਸੀਂ ਸੰਯੁਕਤ ਰਾਜ ਦੇ ਨਾਗਰਿਕ ਹੋ? ☐ ਹਾਂ ☐ ਨਹੀਂ |
| 2. ਤੁਹਾਡੇ ਜੀਵਨਸਾਥੀ ਦਾ ਪਹਿਲਾ ਨਾਮ | ਵਿਚਕਾਰਲਾ ਨਾਮ | ਆਖ਼ਰੀ ਨਾਮ | ਸਹੀ ਸੰਪਰਕ ਨੰਬਰ | ਕੀ ਤੁਹਾਡਾ ਜੀਵਨਸਾਥੀ ਸੰਯੁਕਤ ਰਾਜ ਦਾ ਨਾਗਰਿਕ ਹੈ? ☐ ਹਾਂ ☐ ਨਹੀਂ |

| | | | | |
|---|---|---|---|---|
| 3. ਮੇਲ ਭੇਜਣ ਦਾ ਪਤਾ | Apt # | ਸ਼ਹਿਰ | ਰਾਜ | ਜ਼ਿਪ ਕੋਡ |

| | | |
|---|---|---|
| 4. ਤੁਹਾਡੀ ਜਨਮ-ਮਿਤੀ | 5. ਤੁਹਾਡਾ ਨੌਕਰੀ ਦਾ ਅਹੁਦਾ | 6. ਪਿਛਲੇ ਸਾਲ, ਕੀ ਤੁਸੀਂ:<br>a. ਫੁਲ-ਟਾਈਮ ਵਿਦਿਆਰਥੀ ਸੀ ☐ ਹਾਂ ☐ ਨਹੀਂ<br>b. ਪੂਰੀ ਤਰ੍ਹਾਂ ਅਤੇ ਸਥਾਈ ਤੌਰ 'ਤੇ ਅਪਾਹਜ ਸੀ ☐ ਹਾਂ ☐ ਨਹੀਂ<br>c. ਕਨੂੰਨੀ ਤੌਰ 'ਤੇ ਨੇਤਰਹੀਣ ਸੀ ☐ ਹਾਂ ☐ ਨਹੀਂ |
| 7. ਤੁਹਾਡੇ ਜੀਵਨਸਾਥੀ ਦੀ ਜਨਮ-ਮਿਤੀ | 8. ਤੁਹਾਡੇ ਜੀਵਨਸਾਥੀ ਦੀ ਨੌਕਰੀ ਦਾ ਅਹੁਦਾ | 9. ਪਿਛਲੇ ਸਾਲ, ਕੀ ਤੁਹਾਡਾ ਜੀਵਨਸਾਥੀ:<br>a. ਫੁਲ-ਟਾਈਮ ਵਿਦਿਆਰਥੀ ਸੀ ☐ ਹਾਂ ☐ ਨਹੀਂ<br>b. ਪੂਰੀ ਤਰ੍ਹਾਂ ਅਤੇ ਸਥਾਈ ਤੌਰ 'ਤੇ ਅਪਾਹਜ ਸੀ ☐ ਹਾਂ ☐ ਨਹੀਂ<br>c. ਕਨੂੰਨੀ ਤੌਰ 'ਤੇ ਨੇਤਰਹੀਣ ਸੀ ☐ ਹਾਂ ☐ ਨਹੀਂ |

10. ਕੀ ਕੋਈ ਤੁਹਾਡਾ ਜਾਂ ਤੁਹਾਡੇ ਜੀਵਨਸਾਥੀ ਦਾ ਨਿਰਭਰ ਵਿਅਕਤੀ ਦੇ ਰੂਪ ਵਿੱਚ ਦਾਅਵਾ ਕਰ ਸਕਦਾ ਹੈ? ☐ ਹਾਂ ☐ ਨਹੀਂ ☐ ਯਕੀਨੀ ਨਹੀਂ ਹਾਂ

11. ਕੀ ਤੁਸੀਂ, ਤੁਹਾਡਾ ਜੀਵਨਸਾਥੀ, ਜਾਂ ਦੂਜੇ 'ਤੇ ਨਿਰਭਰ ਵਿਅਕਤੀ ਟੈਕਸ ਸੰਬੰਧੀ ਪਛਾਣ ਚੋਰੀ ਦਾ ਸ਼ਿਕਾਰ ਹੋਏ ਹੋ ਜਾਂ ਤੁਹਾਨੂੰ ਪਛਾਣ ਸੁਰੱਖਿਆ PIN ਜਾਰੀ ਕੀਤਾ ਗਿਆ ਹੈ? ☐ ਹਾਂ ☐ ਨਹੀਂ

12. ਇੱਕ ਈਮੇਲ ਪਤਾ ਪ੍ਰਦਾਨ ਕਰੋ (ਵਿਕਲਪਿਕ)(ਇਹ ਈਮੇਲ ਪਤਾ ਅੰਦਰੂਨੀ ਮਾਲੀਆ ਸੇਵਾ ਦੇ ਸੰਪਰਕਾਂ ਲਈ ਨਹੀਂ ਵਰਤਿਆ ਜਾਵੇਗਾ)

## ਭਾਗ II – ਵਿਆਹੁਤਾ ਸਥਿਤੀ ਅਤੇ ਘਰੇਲੂ ਜਾਣਕਾਰੀ

1. 31 ਦਸੰਬਰ, 2022 ਤੱਕ, ਤੁਹਾਡੀ ਵਿਆਹੁਤਾ ਸਥਿਤੀ ਕੀ ਸੀ?
   - ☐ ਅਣਵਿਆਹਿਆ (ਇਸ ਵਿੱਚ ਰਜਿਸਟਰਡ ਘਰੇਲੂ ਸਾਂਝੇਦਾਰੀ, ਸਿਵਲ ਯੂਨੀਅਨਾਂ, ਜਾਂ ਰਾਜ ਦੇ ਕਨੂੰਨ ਅਧੀਨ ਹੋਰ ਰਸਮੀ ਰਿਸ਼ਤੇ ਸ਼ਾਮਲ ਹਨ)
   - ☐ ਵਿਆਹਿਆ ਹੋਇਆ
     - a. ਜੇਕਰ ਹਾਂ, ਕੀ ਤੁਸੀਂ 2022 ਵਿੱਚ ਵਿਆਹ ਕਰਵਾ ਲਿਆ ਸੀ? ☐ ਹਾਂ ☐ ਨਹੀਂ
     - b. ਕੀ ਤੁਸੀਂ 2022 ਦੇ ਪਿਛਲੇ ਛੇ ਮਹੀਨਿਆਂ ਦੇ ਕਿਸੇ ਸਮੇਂ ਦੇ ਦੌਰਾਨ ਆਪਣੇ ਜੀਵਨਸਾਥੀ ਦੇ ਨਾਲ ਰਹੇ ਹੋ? ☐ ਹਾਂ ☐ ਨਹੀਂ
   - ☐ ਤਲਾਕਸ਼ੁਦਾ — ਅੰਤਿਮ ਫੈਸਲੇ ਦੀ ਮਿਤੀ ____________
   - ☐ ਕਨੂੰਨੀ ਤੌਰ 'ਤੇ ਅਲੱਗ — ਅਲੱਗ ਰਹਿਣ ਦੇ ਫੈਸਲੇ ਦੀ ਮਿਤੀ ____________
   - ☐ ਵਿਧਵਾ — ਜੀਵਨਸਾਥੀ ਦੀ ਮੌਤ ਦਾ ਸਾਲ ____________

2. ਹੇਠਾਂ ਦਿੱਤੇ ਨਾਮਾਂ ਦੀ ਸੂਚੀ ਬਣਾਓ:
   - ***ਹਰ ਕੋਈ*** ਜੋ ਪਿਛਲੇ ਸਾਲ ਤੁਹਾਡੇ ਨਾਲ ਰਿਹਾ (ਤੁਹਾਡੇ ਜੀਵਨਸਾਥੀ ਤੋਂ ਇਲਾਵਾ)
   - ***ਜਿਸ ਕਿਸੇ*** ਦਾ ਤੁਸੀਂ ਸਮਰਥਨ ਕੀਤਾ ਪਰ ਪਿਛਲੇ ਸਾਲ ਤੁਹਾਡੇ ਨਾਲ ਨਹੀਂ ਰਿਹਾ

ਜੇਕਰ ਵਾਧੂ ਥਾਂ ਦੀ ਜ਼ਰੂਰਤ ਹੈ ਤਾਂ ਇੱਥੇ ਨਿਸ਼ਾਨ ਲਗਾਓ ☐ ਅਤੇ ਪੰਨਾ 3 'ਤੇ ਸੂਚੀਬੱਧ ਕਰੋ

| | | | | | | | | | **ਇੱਕ ਪ੍ਰਮਾਣਤ ਸਵੈਸੇਵਕ ਤਿਆਰ ਕਰਨ ਵਾਲੇ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ** | | | | |
|---|---|---|---|---|---|---|---|---|---|---|---|---|---|
| ਨਾਮ (ਪਹਿਲਾ, ਆਖਰੀ) ਹੇਠਾਂ ਆਪਣਾ ਜਾਂ ਜੀਵਨਸਾਥੀ ਦਾ ਨਾਮ ਦਰਜ ਨਾ ਕਰੋ (a) | ਜਨਮ-ਮਿਤੀ (mm/dd/yy) (b) | ਤੁਹਾਡੇ ਨਾਲ ਸੰਬੰਧ (ਉਦਾਹਰਨ ਲਈ: ਪੁੱਤਰ, ਧੀ, ਮਾਪੇ, ਕੋਈ ਨਹੀਂ, ਆਦਿ) (c) | ਪਿਛਲੇ ਸਾਲ ਤੁਹਾਡੇ ਘਰ ਵਿੱਚ ਕਿੰਨੇ ਮਹੀਨੇ ਰਿਹਾ (d) | ਸੰਯੁਕਤ ਰਾਜ ਦਾ ਨਾਗਰਿਕ (ਹਾਂ/ਨਹੀਂ) (e) | ਪਿਛਲੇ ਸਾਲ ਸੰਯੁਕਤ ਰਾਜ, ਕੈਨੇਡਾ ਜਾਂ ਮੈਕਸੀਕੋ ਦਾ ਨਿਵਾਸੀ (ਹਾਂ/ਨਹੀਂ) (f) | 12/31/22 ਤੱਕ ਕੁਆਰਾ ਜਾਂ ਵਿਆਹਿਆ ਹੋਇਆ (S/M) (g) | ਪਿਛਲੇ ਸਾਲ ਫੁਲ-ਟਾਈਮ ਵਿਦਿਆਰਥੀ (ਹਾਂ/ਨਹੀਂ) (h) | ਪੂਰੀ ਤਰ੍ਹਾਂ ਅਤੇ ਸਥਾਈ ਤੌਰ 'ਤੇ ਅਪਾਹਜ (ਹਾਂ/ਨਹੀਂ) (i) | ਕੀ ਇਹ ਵਿਅਕਤੀ ਕਿਸੇ ਹੋਰ ਵਿਅਕਤੀ ਦਾ ਯੋਗਤਾ-ਪ੍ਰਾਪਤ ਬੱਚਾ/ਰਿਸ਼ਤੇਦਾਰ ਹੈ? (ਹਾਂ/ਨਹੀਂ) | ਕੀ ਇਸ ਵਿਅਕਤੀ ਨੇ ਆਪਣਾ 50% ਤੋਂ ਵੱਧ ਸਹਿਯੋਗ ਪ੍ਰਦਾਨ ਕੀਤਾ ਹੈ? (ਹਾਂ, ਨਹੀਂ, ਲਾਗੂ ਨਹੀਂ) | ਕੀ ਇਸ ਵਿਅਕਤੀ ਦੀ ਆਮਦਨ $4,400 ਤੋਂ ਘੱਟ ਸੀ? (ਹਾਂ, ਨਹੀਂ, ਲਾਗੂ ਨਹੀਂ) | ਕੀ ਕਰਦਾਤਾ ਨੇ ਇਸ ਵਿਅਕਤੀ ਨੂੰ 50% ਤੋਂ ਵੱਧ ਸਹਿਯੋਗ ਪ੍ਰਦਾਨ ਕੀਤਾ ਹੈ? (ਹਾਂ/ਨਹੀਂ/ ਲਾਗੂ ਨਹੀਂ) | ਕੀ ਕਰਦਾਤਾ ਨੇ ਇਸ ਵਿਅਕਤੀ ਲਈ ਘਰ ਦੀ ਸਾਂਭ-ਸੰਭਾਲ ਵਾਸਤੇ ਅੱਧੀ ਤੋਂ ਵੱਧ ਕੀਮਤ ਅਦਾ ਕੀਤੀ ਹੈ? (ਹਾਂ/ ਨਹੀਂ) |
| | | | | | | | | | | | | | |
| | | | | | | | | | | | | | |
| | | | | | | | | | | | | | |

**ਹਰੇਕ ਭਾਗ ਵਿੱਚ ਹਰੇਕ ਪ੍ਰਸ਼ਨ ਵਾਸਤੇ ਉਚਿਤ ਬਾਕਸ 'ਤੇ ਚੈੱਕ ਦਾ ਨਿਸ਼ਾਨ ਲਾਓ**

| ਹਾਂ | ਨਹੀਂ | ਯਕੀਨੀ ਨਹੀਂ ਹਾਂ | ਭਾਗ III – ਆਮਦਨੀ - ਪਿਛਲੇ ਸਾਲ, ਕੀ ਤੁਹਾਨੂੰ (ਜਾਂ ਤੁਹਾਡੇ ਜੀਵਨਸਾਥੀ ਨੂੰ) |
|---|---|---|---|
| ☐ | ☐ | ☐ | 1. (B) ਤਨਖਾਹ ਮਿਲੀ ਸੀ? (ਫਾਰਮ W-2) **ਜੇਕਰ ਹਾਂ, ਤਾਂ ਪਿਛਲੇ ਸਾਲ ਤੁਹਾਡੇ ਕੋਲ ਕਿੰਨੀਆਂ ਨੌਕਰੀਆਂ ਸਨ?** ________ |
| ☐ | ☐ | ☐ | 2. (A) ਟਿਪ ਆਮਦਨੀ ਮਿਲੀ ਸੀ? |
| ☐ | ☐ | ☐ | 3. (B) ਸਕਾਲਰਸ਼ਿਪ ਮਿਲੀਆਂ ਸਨ? (ਫਾਰਮ W-2, 1098-T) |
| ☐ | ☐ | ☐ | 4. (B) ਚੈਕਿੰਗ/ਬਚਤ ਖਾਤਿਆਂ, ਬਾਂਡ, CD, ਦਲਾਲੀ ਤੋਂ: ਵਿਆਜ਼/ਲਾਭ-ਅੰਸ਼ ਮਿਲਿਆ ਸੀ? (ਫਾਰਮ 1099-INT, 1099-DIV) |
| ☐ | ☐ | ☐ | 5. (B) ਰਾਜ ਦਾ ਰਿਫੰਡ/ਸਥਾਨਕ ਆਮਦਨ ਕਰ ਮਿਲੇ ਸੀ? (ਫਾਰਮ 1099-G) |
| ☐ | ☐ | ☐ | 6. (B) ਗੁਜਾਰਾ-ਭੱਤਾ ਜਾਂ ਰੱਖ-ਰਖਾਓ ਲਈ ਵੱਖਰੇ ਭੁਗਤਾਨ ਮਿਲੇ ਸੀ? |
| ☐ | ☐ | ☐ | 7. (A) ਸਵੈ-ਰੁਜ਼ਗਾਰ ਆਮਦਨੀ ਮਿਲੀ ਸੀ? (ਫਾਰਮ 1099-MISC, 1099-NEC, 1099-K, ਨਕਦ, ਡਿਜ਼ੀਟਲ ਸੰਪੱਤੀਆਂ, ਜਾਂ ਹੋਰ ਸੰਪੱਤੀ ਜਾਂ ਸੇਵਾਵਾਂ) |
| ☐ | ☐ | ☐ | 8. (A) ਉਸ ਕਿਸੇ ਵੀ ਕੰਮ ਲਈ ਨਕਦੀ/ਚੈੱਕ/ਡਿਜ਼ੀਟਲ ਸੰਪੱਤੀਆਂ, ਜਾਂ ਹੋਰ ਸੰਪੱਤੀ ਜਾਂ ਸੇਵਾਵਾਂ ਮਿਲੀਆਂ ਸਨ ਜਿਸ ਦਾ W-2 ਜਾਂ 1099 ਫਾਰਮਾਂ ਵਿੱਚ ਵਰਣਨ ਨਹੀਂ ਕੀਤਾ ਗਿਆ ਹੈ? |
| ☐ | ☐ | ☐ | 9. (A) ਸ਼ੇਅਰਾਂ, ਬਾਂਡਾਂ, ਡਿਜ਼ੀਟਲ ਸੰਪੱਤੀਆਂ ਜਾਂ ਰੀਅਲ ਅਸਟੇਟ ਦੀ ਵਿਕਰੀ ਜਾਂ ਐਕਸਚੇਂਜ ਤੋਂ ਆਮਦਨੀ (ਜਾਂ ਨੁਕਸਾਨ) ਪ੍ਰਾਪਤ ਹੋਈ ਸੀ? (ਤੁਹਾਡੇ ਘਰ ਸਮੇਤ) (ਫਾਰਮ 1099-S, 1099-B) |
| ☐ | ☐ | ☐ | 10. (B) ਅਪਾਹਜਤਾ ਆਮਦਨੀ ਪ੍ਰਾਪਤ ਹੋਈ ਸੀ? (ਜਿਵੇਂ ਕਿ ਬੀਮੇ ਤੋਂ ਭੁਗਤਾਨ, ਜਾਂ ਕਰਮਚਾਰੀਆਂ ਦਾ ਮੁਆਵਜ਼ਾ) (ਫਾਰਮ 1099-R, W-2) |
| ☐ | ☐ | ☐ | 11. (A) ਰਿਟਾਇਰਮੈਂਟ ਆਮਦਨੀ ਜਾਂ ਪੈਨਸ਼ਨਾਂ ਤੋਂ ਭੁਗਤਾਨ, ਵਾਰਸ਼ਕੀ ਅਤੇ ਜਾਂ IRA ਪ੍ਰਾਪਤ ਹੋਈ ਸੀ? (ਫਾਰਮ 1099-R) |
| ☐ | ☐ | ☐ | 12. (B) ਬੇਰੁਜ਼ਗਾਰੀ ਭੱਤਾ ਮਿਲਿਆ ਸੀ? (ਫਾਰਮ 1099-G) |
| ☐ | ☐ | ☐ | 13. (B) ਸਮਾਜਿਕ ਸੁਰੱਖਿਆ ਜਾਂ ਰੇਲਰੋਡ ਰਿਟਾਇਰਮੈਂਟ ਲਾਭ ਮਿਲੇ ਸਨ? (ਫਾਰਮ SSA-1099, RRB-1099) |
| ☐ | ☐ | ☐ | 14. (M) ਕਿਰਾਏ ਵਾਲੀ ਜਾਇਦਾਦ ਤੋਂ ਆਮਦਨੀ (ਜਾਂ ਨੁਕਸਾਨ) ਮਿਲੀ ਸੀ? |
| ☐ | ☐ | ☐ | 15. (B) ਕੋਈ ਹੋਰ ਆਮਦਨੀ ਮਿਲੀ ਸੀ? (ਜੂਆ, ਲਾਟਰੀ, ਇਨਾਮ, ਪੁਰਸਕਾਰ, ਜਿਊਰੀ ਡਿਊਟੀ, ਡਿਜ਼ੀਟਲ ਸੰਪੱਤੀਆਂ, Sch K-1, ਰੌਐਲਿਟੀ, ਵਿਦੇਸ਼ੀ ਆਮਦਨੀ, ਆਦਿ।) |

| ਹਾਂ | ਨਹੀਂ | ਯਕੀਨੀ ਨਹੀਂ ਹਾਂ | ਭਾਗ IV – ਖ਼ਰਚੇ – ਪਿਛਲੇ ਸਾਲ, ਕੀ ਤੁਸੀਂ (ਜਾਂ ਤੁਹਾਡੇ ਜੀਵਨਸਾਥੀ ਨੇ) |
|---|---|---|---|
| ☐ | ☐ | ☐ | 1. (B) ਗੁਜਾਰਾ-ਭੱਤਾ ਜਾਂ ਰੱਖ-ਰਖਾਓ ਲਈ ਵੱਖਰੀਆਂ ਅਦਾਇਗੀਆਂ ਦਾ ਭੁਗਤਾਨ ਕੀਤਾ ਸੀ? ਜੇਕਰ ਹਾਂ, ਤਾਂ ਕੀ ਤੁਹਾਡੇ ਕੋਲ ਪ੍ਰਾਪਤਕਰਤਾ ਦਾ SSN ਹੈ? ☐ ਹਾਂ ☐ ਨਹੀਂ |
| ☐ | ☐ | ☐ | 2. ਰਿਟਾਇਰਮੈਂਟ ਖਾਤੇ ਵਿੱਚ ਯੋਗਦਾਨ ਦਿੱਤਾ ਜਾਂ ਅਦਾਇਗੀ ਕੀਤੀ ਸੀ? ☐ IRA (A) ☐ Roth IRA (B) ☐ 401K (B) ☐ ਹੋਰ |
| ☐ | ☐ | ☐ | 3. (B) ਖੁਦ ਲਈ, ਜੀਵਨਸਾਥੀ ਜਾਂ ਪਰਆਸ਼ਰਿਤ ਵਿਅਕਤੀਆਂ ਲਈ ਕਾਲਜ ਜਾਂ ਪੋਸਟ ਸੈਕੰਡਰੀ ਵਿੱਦਿਅਕ ਖ਼ਰਚਿਆਂ ਦਾ ਭੁਗਤਾਨ ਕੀਤਾ ਸੀ? (ਫਾਰਮ 1098-T) |
| ☐ | ☐ | ☐ | 4. ਅੱਗੇ ਲਿਖਿਆਂ ਵਿੱਚੋਂ ਕਿਸੇ ਦਾ ਵੀ ਭੁਗਤਾਨ ਕੀਤਾ ਸੀ? ☐ (A) ਮੈਡੀਕਲ ਅਤੇ ਡੈਂਟਲ (ਇੰਸ਼ੋਰੈਂਸ ਪ੍ਰੀਮੀਅਮਾਂ ਸਮੇਤ) ☐ (A) ਗਿਰਵੀ ਵਿਆਜ਼ (ਫਾਰਮ 1098) ☐ (A) ਟੈਕਸ (ਸਟੇਟ, ਰੀਅਲ ਅਸਟੇਟ, ਨਿੱਜੀ ਜਾਇਦਾਦ, ਵਿਕਰੀ) ☐ (B) ਉਪਕਾਰੀ ਯੋਗਦਾਨ |
| ☐ | ☐ | ☐ | 5. (B) ਬੱਚੇ ਜਾਂ ਪਰਆਸ਼ਰਿਤ ਦੇਖਭਾਲ ਖ਼ਰਚਿਆਂ ਜਿਵੇਂ ਕਿ ਡੇਕੇਅਰ ਦਾ ਭੁਗਤਾਨ ਕੀਤਾ ਸੀ? |
| ☐ | ☐ | ☐ | 6. (B) ਇੱਕ ਯੋਗ ਸਿੱਖਿਅਕ ਜਿਵੇਂ ਕਿ ਇੱਕ ਅਧਿਆਪਕ, ਅਧਿਆਪਕ ਦੇ ਸਹਾਇਕ, ਸਲਾਹਕਾਰ, ਆਦਿ ਦੇ ਰੂਪ ਵਿੱਚ ਵਰਤੀਆਂ ਜਾਂਦੀਆਂ ਰਸਦਾਂ ਲਈ ਭੁਗਤਾਨ ਕੀਤਾ ਸੀ? |
| ☐ | ☐ | ☐ | 7. (A) ਸਵੈ-ਰੁਜ਼ਗਾਰ ਆਮਦਨੀ ਜਾਂ ਤੁਹਾਨੂੰ ਪ੍ਰਾਪਤ ਹੋਈ ਕਿਸੇ ਹੋਰ ਆਮਦਨੀ ਨਾਲ ਸੰਬੰਧਤ ਖ਼ਰਚਿਆਂ ਲਈ ਭੁਗਤਾਨ ਕੀਤਾ ਸੀ? |
| ☐ | ☐ | ☐ | 8. (B) ਵਿਦਿਆਰਥੀ ਲੋਨ ਵਿਆਜ਼ ਦਾ ਭੁਗਤਾਨ ਕੀਤਾ ਸੀ? (ਫਾਰਮ 1098-E) |

| ਹਾਂ | ਨਹੀਂ | ਯਕੀਨੀ ਨਹੀਂ ਹਾਂ | ਭਾਗ V – ਜ਼ਿੰਦਗੀ ਦੀਆਂ ਘਟਨਾਵਾਂ – ਕੀ ਪਿਛਲੇ ਸਾਲ ਤੁਸੀਂ/ ਤੁਹਾਡੇ (ਜਾਂ ਤੁਹਾਡੇ ਜੀਵਨਸਾਥੀ) ਕੋਲ |
|---|---|---|---|
| ☐ | ☐ | ☐ | 1. (A) ਸਿਹਤ ਸੰਬੰਧੀ ਬਚਤ ਖਾਤਾ ਸੀ? (ਬਾਕਸ 12 ਵਿੱਚ ਕੋਡ W ਦੇ ਨਾਲ ਫਾਰਮ 5498-SA, 1099-SA, W-2) |
| ☐ | ☐ | ☐ | 2. (A) ਕ੍ਰੈਡਿਟ ਕਾਰਡ ਸੀ, ਵਿਦਿਆਰਥੀ ਲੋਨ ਜਾਂ ਗਿਰਵੀ ਕਰਜ਼ਾ ਕਿਸੇ ਰਿਣਦਾਤਾ ਦੁਆਰਾ ਰੱਦ/ਮੁਆਫ਼ ਕੀਤਾ ਗਿਆ ਸੀ ਜਾਂ ਗਹਿਣੇ ਰੱਖੇ ਘਰ 'ਤੇ ਪ੍ਰਤਿਬੰਧ ਲਗਾਇਆ ਹੋਇਆ ਹੈ? (ਫਾਰਮ 1099-C, 1099-A) |
| ☐ | ☐ | ☐ | 3. (A) ਇੱਕ ਬੱਚੇ ਨੂੰ ਗੋਦ ਲਿਆ ਸੀ? |
| ☐ | ☐ | ☐ | 4. (B) ਇਨਕਮ ਕ੍ਰੈਡਿਟ ਕਮਾਇਆ, ਚਾਈਲਡ ਟੈਕਸ ਕ੍ਰੈਡਿਟ ਜਾਂ ਅਮਰੀਕੀ ਅਵਸਰ ਕ੍ਰੈਡਿਟ ਨੂੰ ਪਿਛਲੇ ਸਾਲ ਅਸਵੀਕਾਰ ਕਰ ਦਿੱਤਾ ਗਿਆ ਸੀ? ਜੇਕਰ ਹਾਂ, ਤਾਂ ਕਿਹੜੇ ਟੈਕਸ ਸਾਲ ਵਿੱਚ? ________ |
| ☐ | ☐ | ☐ | 5. (A) ਊਰਜਾ-ਕੁਸ਼ਲ ਘਰੇਲੂ ਚੀਜ਼ਾਂ ਖਰੀਦੀਆਂ ਅਤੇ ਸਥਾਪਿਤ ਕੀਤੀਆਂ ਸੀ? (ਜਿਵੇਂ ਕਿ ਖਿੜਕੀਆਂ, ਭੱਠੀ, ਇਨਸੂਲੇਸ਼ਨ ਆਦਿ) |
| ☐ | ☐ | ☐ | 6. (A) 2008 ਵਿੱਚ ਪਹਿਲੀ ਵਾਰ ਹੋਮਬਾਇਰ ਕ੍ਰੈਡਿਟ ਪ੍ਰਾਪਤ ਕੀਤਾ ਸੀ? |
| ☐ | ☐ | ☐ | 7. (B) ਅਨੁਮਾਨਤ ਟੈਕਸ ਅਦਾਇਗੀਆਂ ਕੀਤੀਆਂ ਸੀ ਜਾਂ ਪਿਛਲੇ ਸਾਲ ਦੇ ਰਿਫੰਡ ਨੂੰ ਇਸ ਸਾਲ ਦੇ ਟੈਕਸ 'ਤੇ ਲਾਗੂ ਕੀਤਾ ਸੀ? ਜੇਕਰ ਹਾਂ ਤਾਂ ਕਿੰਨਾ? ________ |
| ☐ | ☐ | ☐ | 8. (A) ਪਿਛਲੇ ਸਾਲ ਫਾਰਮ 1040 ਅਨੁਸੂਚੀ D 'ਤੇ "ਕੈਪੀਟਲ ਲੌਸ ਕੈਰੀਓਵਰ" ਵਾਲੀ ਫੈਡਰਲ ਰਿਟਰਨ ਦਾਇਰ ਕੀਤੀ ਸੀ? |
| ☐ | ☐ | ☐ | 9. (A) ਮਾਰਕੀਟਪਲੇਸ (ਐਕਸਚੇਂਜ) ਵੱਲੋਂ ਸਿਹਤ ਕਵਰੇਜ਼ ਹੈ? [ਫਾਰਮ 1095-A ਪ੍ਰਦਾਨ ਕਰੋ] |

**ਤੁਹਾਡੀ ਰਿਟਰਨ ਦੀ ਤਿਆਰੀ ਨਾਲ ਸਬੰਧਤ ਵਾਧੂ ਜਾਣਕਾਰੀ ਅਤੇ ਪ੍ਰਸ਼ਨ**

1. ਕੀ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ IRS ਤੋਂ ਲਿਖਤੀ ਸੰਚਾਰ ਪ੍ਰਾਪਤ ਕਰਨਾ ਚਾਹੋਗੇ? ☐ ਹਾਂ ☐ ਨਹੀਂ ਜੇਕਰ ਹਾਂ, ਤਾਂ ਕਿਹੜੀ ਭਾਸ਼ਾ ਵਿੱਚ? ______
2. ਰਾਸ਼ਟਰਪਤੀ ਚੋਣ ਮੁਹਿੰਮ ਫੰਡ (ਜੇਕਰ ਤੁਸੀਂ ਇੱਕ ਡੱਬੇ 'ਤੇ ਨਿਸ਼ਾਨ ਲਗਾਉਂਦੇ ਹੋ, ਤਾਂ ਤੁਹਾਡਾ ਟੈਕਸ ਜਾਂ ਰਿਫੰਡ ਨਹੀਂ ਬਦਲੇਗਾ)
   ਇੱਥੇ ਨਿਸ਼ਾਨ ਲਗਾਓ, ਜੇਕਰ ਤੁਸੀਂ ਜਾਂ ਤੁਹਾਡਾ ਜੀਵਨਸਾਥੀ ਸੰਯੁਕਤ ਰੂਪ ਵਿੱਚ ਦਾਇਰ ਕਰਦੇ ਸਮੇਂ, ਇਸ ਫੰਡ ਵਿੱਚ ਜਾਣ ਲਈ $3 ਚਾਹੁੰਦੇ ਹੋ ☐ ਤੁਸੀਂ ☐ ਜੀਵਨਸਾਥੀ
3. ਜੇਕਰ ਤੁਹਾਡਾ ਰਿਫੰਡ ਬਾਕੀ ਹੈ, ਤਾਂ ਕੀ ਤੁਸੀਂ ਇਹ ਚਾਹੁੰਦੇ ਹੋ:
   a. ਸਿੱਧੀ ਜਮ੍ਹਾਂ ☐ ਹਾਂ ☐ ਨਹੀਂ
   b. U.S. ਬੱਚਤ ਬਾਂਡ ਖਰੀਦਣਾ ☐ ਹਾਂ ☐ ਨਹੀਂ
   c. ਆਪਣੇ ਰਿਫੰਡ ਨੂੰ ਵੱਖ-ਵੱਖ ਖਾਤਿਆਂ ਵਿੱਚ ਵੰਡਣਾ ☐ ਹਾਂ ☐ ਨਹੀਂ
4. ਜੇਕਰ ਤੁਹਾਡੇ ਕੋਲ ਬਕਾਇਆ ਹੈ, ਤਾਂ ਕੀ ਤੁਸੀਂ ਸਿੱਧਾ ਆਪਣੇ ਬੈਂਕ ਖਾਤੇ ਤੋਂ ਭੁਗਤਾਨ ਕਰਨਾ ਚਾਹੋਗੇ? ☐ ਹਾਂ ☐ ਨਹੀਂ
5. ਕੀ ਤੁਸੀਂ ਅਜਿਹੇ ਖੇਤਰ ਵਿੱਚ ਰਹੇ ਹੋ ਜਿਸਨੂੰ ਸੰਘੀ ਆਫ਼ਤ ਖੇਤਰ ਘੋਸ਼ਿਤ ਕੀਤਾ ਗਿਆ ਸੀ? ☐ ਹਾਂ ☐ ਨਹੀਂ ਜੇਕਰ ਹਾਂ, ਤਾਂ ਕਿੱਥੇ? ______
6. ਕੀ ਤੁਹਾਨੂੰ ਜਾਂ ਤੁਹਾਡੇ ਜੀਵਨਸਾਥੀ ਨੂੰ ਸੰਯੁਕਤ ਰੂਪ ਵਿੱਚ ਦਾਇਰ ਕਰਦੇ ਸਮੇਂ, IRS ਤੋਂ ਪੱਤਰ ਪ੍ਰਾਪਤ ਹੋਇਆ ਸੀ? ☐ ਹਾਂ ☐ ਨਹੀਂ
7. ਕੀ ਤੁਸੀਂ ਇਸ ਬਾਰੇ ਜਾਣਕਾਰੀ ਚਾਹੁੰਦੇ ਹੋ ਕਿ ਵੋਟ ਕਿਵੇਂ ਕਰੀਏ ਅਤੇ/ਜਾਂ ਵੋਟ ਵਾਸਤੇ ਰਜਿਸਟਰ ਕਿਵੇਂ ਕਰੀਏ? ☐ ਹਾਂ ☐ ਨਹੀਂ

**ਟੈਕਸ ਤਿਆਰ ਕਰਨ ਵਾਲੀਆਂ ਬਹੁਤ ਸਾਰੀਆਂ ਮੁਫ਼ਤ ਸਾਈਟਾਂ ਗ੍ਰਾਂਟ ਦੇ ਪੈਸੇ ਜਾਂ ਹੋਰ ਸੰਘੀ ਵਿੱਤੀ ਸਹਾਇਤਾ ਪ੍ਰਾਪਤ ਕਰਕੇ ਕੰਮ ਕਰਦੀਆਂ ਹਨ। ਹੇਠਾਂ ਦਿੱਤੇ ਪ੍ਰਸ਼ਨਾਂ ਤੋਂ ਪ੍ਰਾਪਤ ਡੇਟਾ ਦੀ ਵਰਤੋਂ ਇਸ ਸਾਈਟ ਦੁਆਰਾ ਇਹਨਾਂ ਗ੍ਰਾਂਟਾਂ ਲਈ ਅਰਜ਼ੀ ਦੇਣ ਜਾਂ ਵਿੱਤੀ ਫੰਡਾਂ ਦੀ ਨਿਰੰਤਰ ਪ੍ਰਾਪਤੀ ਦਾ ਸਮਰਥਨ ਕਰਨ ਲਈ ਕੀਤੀ ਜਾ ਸਕਦੀ ਹੈ। ਤੁਹਾਡੇ ਜਵਾਬ ਦੀ ਵਰਤੋਂ ਸਿਰਫ਼ ਅੰਕੜਿਆਂ ਦੇ ਉਦੇਸ਼ਾਂ ਲਈ ਕੀਤੀ ਜਾਏਗੀ। ਇਹ ਪ੍ਰਸ਼ਨ ਵਿਕਲਪਿਕ ਹਨ।**

8. ਕੀ ਤੁਸੀਂ ਕਹੋਗੇ ਕਿ ਤੁਸੀਂ ਅੰਗਰੇਜ਼ੀ ਨੂੰ ਸਮਝਦੇ ਅਤੇ ਬੋਲਦੇ ਹੋਏ ਇਸ ਵਿੱਚ ਗੱਲਬਾਤ ਕਰ ਸਕਦੇ ਹੋ? ☐ ਬਹੁਤ ਵਧੀਆ ☐ ਵਧੀਆ ☐ ਵਧੀਆ ਨਹੀਂ ☐ ਬਿਲਕੁਲ ਨਹੀਂ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ
9. ਕੀ ਤੁਸੀਂ ਕਹੋਗੇ ਕਿ ਤੁਸੀਂ ਅੰਗਰੇਜ਼ੀ ਵਿੱਚ ਕੋਈ ਅਖ਼ਬਾਰ ਜਾਂ ਕਿਤਾਬ ਪੜ੍ਹ ਸਕਦੇ ਹੋ? ☐ ਬਹੁਤ ਵਧੀਆ ☐ ਵਧੀਆ ☐ ਵਧੀਆ ਨਹੀਂ ☐ ਬਿਲਕੁਲ ਨਹੀਂ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ
10. ਕੀ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਈ ਅਪਾਹਜਤਾ ਹੈ? ☐ ਹਾਂ ☐ ਨਹੀਂ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ
11. ਕੀ ਤੁਸੀਂ ਜਾਂ ਤੁਹਾਡਾ ਜੀਵਨਸਾਥੀ U.S ਸੁਰੱਖਿਆ ਬਲ ਦੇ ਸੈਨਿਕ ਹੋ? ☐ ਹਾਂ ☐ ਨਹੀਂ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ
12. ਤੁਹਾਡੀ ਨਸਲ?
    ☐ ਅਮਰੀਕੀ ਭਾਰਤੀ ਜਾਂ ਅਲਾਸਕਾ ਦੇ ਮੂਲ-ਨਿਵਾਸੀ ☐ ਏਸ਼ੀਆਈ ☐ ਕਾਲੇ ਜਾਂ ਅਫ਼ਰੀਕੀ ਅਮਰੀਕੀ ☐ ਹਵਾਈ ਜਾਂ ਹੋਰ ਪ੍ਰਸ਼ਾਂਤ ਟਾਪੂ ਦੇ ਮੂਲ-ਨਿਵਾਸੀ ☐ ਸਫ਼ੇਦ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ
13. ਤੁਹਾਡੇ ਜੀਵਨਸਾਥੀ ਦੀ ਨਸਲ?
    ☐ ਅਮਰੀਕੀ ਭਾਰਤੀ ਜਾਂ ਅਲਾਸਕਾ ਦੇ ਮੂਲ-ਨਿਵਾਸੀ ☐ ਏਸ਼ੀਆਈ ☐ ਕਾਲੇ ਜਾਂ ਅਫ਼ਰੀਕੀ ਅਮਰੀਕੀ ☐ ਹਵਾਈ ਜਾਂ ਹੋਰ ਪ੍ਰਸ਼ਾਂਤ ਟਾਪੂ ਦੇ ਮੂਲ-ਨਿਵਾਸੀ ☐ ਸਫ਼ੇਦ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ ☐ ਜੀਵਨਸਾਥੀ ਨਹੀਂ ਹੈ
14. ਤੁਹਾਡੀ ਜਾਤੀ? ☐ ਹਿਸਪੈਨਿਕ ਜਾਂ ਲੈਟਿਨੋ ☐ ਹਿਸਪੈਨਿਕ ਜਾਂ ਲੈਟਿਨੋ ਨਹੀਂ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ
15. ਤੁਹਾਡੇ ਜੀਵਨਸਾਥੀ ਦੀ ਜਾਤੀ? ☐ ਹਿਸਪੈਨਿਕ ਜਾਂ ਲੈਟਿਨੋ ☐ ਹਿਸਪੈਨਿਕ ਜਾਂ ਲੈਟਿਨੋ ਨਹੀਂ ☐ ਜਵਾਬ ਨਾ ਦੇਣ ਨੂੰ ਤਰਜੀਹ ਦਿਓ ☐ ਜੀਵਨਸਾਥੀ ਨਹੀਂ ਹੈ

ਵਾਧੂ ਟਿੱਪਣੀਆਂ

______

______

______

______

______

______

**ਗੋਪਨੀਯਤਾ ਅਧਿਨਿਯਮ ਅਤੇ ਪੇਪਰਵਰਕ ਕਟੌਤੀ ਅਧਿਨਿਯਮ ਦੀ ਸੂਚਨਾ**

1974 ਦੇ ਗੋਪਨੀਯਤਾ ਅਧਿਨਿਯਮ ਦੇ ਤਹਿਤ ਇਹ ਜ਼ਰੂਰੀ ਹੈ ਕਿ ਜਦੋਂ ਅਸੀਂ ਜਾਣਕਾਰੀ ਦੀ ਮੰਗ ਕਰਦੇ ਹਾਂ ਤਾਂ ਅਸੀਂ ਜਾਣਕਾਰੀ ਦੀ ਮੰਗ ਕਰਨ ਦੇ ਆਪਣੇ ਕਨੂੰਨੀ ਅਧਿਕਾਰ, ਇਸ ਜਾਣਕਾਰੀ ਨੂੰ ਮੰਗਣ ਦੇ ਕਾਰਨ, ਅਤੇ ਇਸ ਨੂੰ ਵਰਤਣ ਦੇ ਤਰੀਕੇ ਬਾਰੇ ਦੱਸਦੇ ਹਾਂ। ਅਸੀਂ ਤੁਹਾਨੂੰ ਇਹ ਵੀ ਦੱਸਾਂਗੇ ਕਿ ਜੇਕਰ ਸਾਨੂੰ ਇਹ ਜਾਣਕਾਰੀ ਨਹੀਂ ਮਿਲਦੀ ਹੈ ਤਾਂ ਕੀ ਹੋ ਸਕਦਾ ਹੈ, ਅਤੇ ਕੀ ਤੁਹਾਡਾ ਜਵਾਬ ਸਵੈਇੱਛਤ ਹੈ, ਜ਼ਰੂਰੀ ਹੈ ਜਾਂ ਲਾਜ਼ਮੀ ਹੈ। ਜਾਣਕਾਰੀ ਦੀ ਮੰਗ ਕਰਨ ਦਾ ਸਾਡਾ ਕਨੂੰਨੀ ਅਧਿਕਾਰ 5 U.S.C. 301 ਹੈ। ਅਸੀਂ IRS ਸਵੈਸੇਵਕ ਆਮਦਨ ਕਰ ਦੀ ਤਿਆਰੀ ਅਤੇ ਆਊਟਰੀਚ ਪ੍ਰੋਗਰਾਮਾਂ ਵਿੱਚ ਤੁਹਾਡੀ ਦਿਲਚਸਪੀ ਅਤੇ/ਜਾਂ ਭਾਗੀਦਾਰੀ ਦੇ ਸੰਬੰਧ ਵਿੱਚ ਤੁਹਾਡੇ ਨਾਲ ਸੰਪਰਕ ਕਰਨ ਵਿੱਚ ਆਪਣੀ ਸਹਾਇਤਾ ਲਈ ਇਸ ਜਾਣਕਾਰੀ ਦੀ ਮੰਗ ਕਰ ਰਹੇ ਹਾਂ। ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦੂਜਿਆਂ ਨੂੰ ਪ੍ਰਦਾਨ ਕੀਤੀ ਜਾ ਸਕਦੀ ਹੈ ਜੋ ਗਤੀਵਿਧੀਆਂ ਦਾ ਸੰਚਾਲਨ ਕਰਦੇ ਹਨ ਅਤੇ ਸਵੈਸੇਵਕ ਰਿਟਰਨ ਤਿਆਰੀ ਦੀਆਂ ਸਾਈਟਾਂ ਜਾਂ ਆਊਟਰੀਚ ਗਤੀਵਿਧੀਆਂ ਵਿੱਚ ਨਿਯੁਕਤ ਹਨ। ਜਾਣਕਾਰੀ ਨੂੰ ਪ੍ਰਭਾਵੀ ਨਿਯੰਤਰਣ ਸਥਾਪਤ ਕਰਨ, ਪੱਤਰ-ਵਿਹਾਰ ਭੇਜਣ ਅਤੇ ਸਵੈਸੇਵਕਾਂ ਦੀ ਪਛਾਣ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ। ਤੁਹਾਡਾ ਜਵਾਬ ਸਵੈਇੱਛਤ ਹੈ। ਹਾਲਾਂਕਿ, ਜੇਕਰ ਤੁਸੀਂ ਮੰਗੀ ਗਈ ਜਾਣਕਾਰੀ ਨਹੀਂ ਦਿੰਦੇ ਹੋ, ਤਾਂ IRS ਇਹਨਾਂ ਪ੍ਰੋਗਰਾਮਾਂ ਵਿੱਚ ਤੁਹਾਡੇ ਇਸਤੇਮਾਲ ਦੀ ਵਰਤੋਂ ਨਹੀਂ ਕਰ ਸਕੇਗਾ। ਪੇਪਰਵਰਕ ਕਟੌਤੀ ਅਧਿਨਿਯਮ ਦੇ ਤਹਿਤ ਇਹ ਜ਼ਰੂਰੀ ਹੈ ਕਿ IRS ਸਾਰੀਆਂ ਜਨਤਕ ਸੂਚਨਾ ਬੇਨਤੀਆਂ 'ਤੇ ਇੱਕ OMB ਕੰਟਰੋਲ ਨੰਬਰ ਪ੍ਰਦਰਸ਼ਤ ਕਰੇ। ਇਸ ਅਧਿਐਨ ਲਈ OMB ਕੰਟਰੋਲ ਨੰਬਰ 1545-1964 ਹੈ। ਇਸ ਤੋਂ ਇਲਾਵਾ, ਜੇਕਰ ਤੁਹਾਨੂੰ ਇਸ ਅਧਿਐਨ ਦੇ ਸੰਬੰਧ ਵਿੱਚ ਸਮਾਂ ਅੰਦਾਜ਼ਿਆਂ ਨਾਲ ਜੁੜੀਆਂ ਕੋਈ ਵੀ ਟਿੱਪਣੀਆਂ ਜਾਂ ਇਸ ਪ੍ਰਕਿਰਿਆ ਨੂੰ ਅਸਾਨ ਬਣਾਉਣ ਬਾਰੇ ਕੋਈ ਵੀ ਸੁਝਾਅ ਹਨ, ਤਾਂ ਕਿਰਪਾ ਕਰਕੇ ਅੰਦਰੂਨੀ ਮਾਲੀਆ ਸੇਵਾ, ਟੈਕਸ ਪ੍ਰੋਡਕਟ ਕੋਆਰਡੀਨੇਟਿੰਗ ਕਮੇਟੀ, SE:W:CAR:MP:T:T:SP, 1111 Constitution Ave NW, Washington DC 20224 ਨੂੰ ਲਿਖਤੀ ਸੁਨੇਹਾ ਭੇਜੋ।

| ਫਾਰਮ **15080** (ਅਕਤੂਬਰ 2022) | Department of the Treasury - Internal Revenue Service<br>**VITA/TCE ਟੈਕਸ ਤਿਆਰੀ ਸਾਈਟਾਂ ਨੂੰ ਟੈਕਸ ਰਿਟਰਨ ਜਾਣਕਾਰੀ ਦਾ ਖੁਲਾਸਾ ਕਰਨ ਲਈ ਸਹਿਮਤੀ** |
|---|---|

**ਫੈਡਰਲ ਖੁਲਾਸਾ:**

ਫੈਡਰਲ ਕਾਨੂੰਨ ਲਈ ਇਹ ਸਹਿਮਤੀ ਫਾਰਮ ਤੁਹਾਨੂੰ ਪ੍ਰਦਾਨ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ। ਜਦੋਂ ਤੱਕ ਕਾਨੂੰਨ ਦੁਆਰਾ ਅਧਿਕਾਰਤ ਨਹੀਂ ਹੁੰਦਾ, ਅਸੀਂ ਤੁਹਾਡੇ ਟੈਕਸ ਰਿਟਰਨ ਦੀ ਜਾਣਕਾਰੀ ਤੀਜੀ ਧਿਰ ਨੂੰ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡੇ ਟੈਕਸ ਰਿਟਰਨ ਤਿਆਰ ਕਰਨ ਅਤੇ ਭਰਨ ਤੋਂ ਇਲਾਵਾ ਹੋਰ ਉਦੇਸ਼ਾਂ ਲਈ ਨਹੀਂ ਕਰ ਸਕਦੇ। ਜੇਕਰ ਤੁਸੀਂ ਆਪਣੀ ਟੈਕਸ ਰਿਟਰਨ ਜਾਣਕਾਰੀ ਦੇ ਖੁਲਾਸੇ ਲਈ ਸਹਿਮਤ ਹੁੰਦੇ ਹੋ, ਤਾਂ ਫੈਡਰਲ ਕਾਨੂੰਨ ਤੁਹਾਡੀ ਟੈਕਸ ਰਿਟਰਨ ਜਾਣਕਾਰੀ ਦੀ ਹੋਰ ਵਰਤੋਂ ਜਾਂ ਵਿਤਰਣ ਤੋਂ ਰੱਖਿਆ ਨਹੀਂ ਕਰ ਸਕਦਾ।

ਸਾਡੀਆਂ ਟੈਕਸ ਰਿਟਰਨ ਤਿਆਰ ਕਰਨ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਲਈ ਤੁਹਾਨੂੰ ਇਹ ਫਾਰਮ ਭਰਨ ਦੀ ਲੋੜ ਨਹੀਂ ਹੈ। ਜੇਕਰ ਅਸੀਂ ਤੁਹਾਡੀ ਸਹਿਮਤੀ 'ਤੇ ਸਾਡੀਆਂ ਟੈਕਸ ਰਿਟਰਨ ਤਿਆਰ ਕਰਨ ਦੀਆਂ ਸੇਵਾਵਾਂ ਦੀਆਂ ਸ਼ਰਤਾਂ ਅਨੁਸਾਰ ਇਸ ਫਾਰਮ 'ਤੇ ਤੁਹਾਡੇ ਦਸਤਖਤ ਲੈਂਦੇ ਹਾਂ, ਤਾਂ ਤੁਹਾਡੀ ਸਹਿਮਤੀ ਯੋਗ ਨਹੀਂ ਹੋਵੇਗੀ। ਜੇਕਰ ਤੁਸੀਂ ਆਪਣੀ ਟੈਕਸ ਰਿਟਰਨ ਜਾਣਕਾਰੀ ਦੇ ਖੁਲਾਸੇ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਡੀ ਸਹਿਮਤੀ ਤੁਹਾਡੇ ਦੁਆਰਾ ਨਿਰਧਾਰਤ ਕੀਤੇ ਗਏ ਸਮੇਂ ਲਈ ਯੋਗ ਹੁੰਦੀ ਹੈ। ਜੇਕਰ ਤੁਸੀਂ ਆਪਣੀ ਸਹਿਮਤੀ ਦੀ ਮਿਆਦ ਨਿਰਧਾਰਤ ਨਹੀਂ ਕਰਦੇ ਹੋ, ਤਾਂ ਤੁਹਾਡੀ ਸਹਿਮਤੀ ਦਸਤਖਤ ਦੀ ਮਿਤੀ ਤੋਂ ਲੈ ਕੇ ਇੱਕ ਸਾਲ ਲਈ ਯੋਗ ਹੁੰਦੀ ਹੈ।

**ਸ਼ਰਤਾਂ:**

ਗਲੋਬਲ ਕੈਰੀ ਫਾਰਵਰਡ ਔਫ ਡੇਟਾ, TaxSlayer LLC, VITA/TCE ਟੈਕਸ ਸੌਫਟਵੇਅਰ ਦਾ ਪ੍ਰਦਾਤਾ, ਤੁਹਾਡੀ ਟੈਕਸ ਰਿਟਰਨ ਦੀ ਜਾਣਕਾਰੀ ਨੂੰ IRS ਦੇ VITA/TCE ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀ ਕਿਸੇ ਵੀ ਵਾਲੰਟੀਅਰ ਸਾਈਟ ਨੂੰ ਉਪਲਬਧ ਕਰਾਉਣ ਦੀ ਆਗਿਆ ਦਿੰਦਾ ਹੈ ਜੋ ਤੁਸੀਂ ਅਗਲੇ ਫਾਈਲਿੰਗ ਸੀਜ਼ਨ ਵਿੱਚ ਟੈਕਸ ਰਿਟਰਨ ਤਿਆਰ ਕਰਨ ਲਈ ਚੁਣਦੇ ਹੋ। ਇਸਦਾ ਅਰਥ ਹੈ ਕਿ ਤੁਸੀਂ ਅਗਲੇ ਸਾਲ TaxSlayer ਦੀ ਵਰਤੋਂ ਕਰਦਿਆਂ ਕਿਸੇ ਵੀ ਵਾਲੰਟੀਅਰ ਸਾਈਟ ‘ਤੇ ਜਾ ਸਕੋਗੇ ਅਤੇ ਆਪਣੇ ਟੈਕਸ ਰਿਟਰਨ ਨੂੰ ਆਪਣੇ ਮੌਜੂਦਾ ਸਾਲ ਦੇ ਅੰਕੜਿਆਂ ਨਾਲ ਤਿਆਰ ਕਰੋਗੇ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਤੁਸੀਂ ਇਸ ਸਾਲ ਆਪਣਾ ਟੈਕਸ ਰਿਟਰਨ ਕਿੱਥੇ ਭਰਿਆ ਹੈ। ਇਹ ਸਹਿਮਤੀ 30 ਨਵੰਬਰ, 2024 ਤੱਕ ਜਾਇਜ਼ ਹੈ।

ਜਿਹੜੀ ਟੈਕਸ ਰਿਟਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਵੇਗਾ, ਉਸ ਵਿੱਚ ਤੁਹਾਡੇ ਬਾਰੇ, ਤੁਹਾਡੇ ਟੈਕਸ ਰਿਟਰਨ ਅਤੇ ਤੁਹਾਡੀ ਆਮਦਨੀ ਦੇ ਸਰੋਤਾਂ ਬਾਰੇ, ਜਨਸੰਖਿਅਕ, ਵਿੱਤੀ ਅਤੇ ਹੋਰ ਵਿਅਕਤੀਗਤ ਤੌਰ ‘ਤੇ ਪਛਾਣਨ ਯੋਗ ਜਾਣਕਾਰੀ ਸ਼ਾਮਲ ਹੈ, ਪਰ ਇੱਥੋਂ ਤੱਕ ਹੀ ਸੀਮਿਤ ਨਹੀਂ ਹੈ, ਜੋ ਕਿ ਤੁਹਾਡੇ ਟੈਕਸ ਰਿਟਰਨ ਦੀ ਤਿਆਰੀ ਦੇ ਉਦੇਸ਼ ਨਾਲ ਟੈਕਸ ਤਿਆਰੀ ਸੌਫਟਵੇਅਰ ਵਿੱਚ ਸ਼ਾਮਲ ਕੀਤੀ ਗਈ ਸੀ। ਇਸ ਜਾਣਕਾਰੀ ਵਿੱਚ ਤੁਹਾਡਾ ਨਾਮ, ਪਤਾ, ਜਨਮ ਤਾਰੀਖ, ਫੋਨ ਨੰਬਰ, SSN, ਫਾਈਲ ਕਰਨ ਦੀ ਸਥਿਤੀ, ਕਿੱਤਾ, ਮਾਲਕ ਦਾ ਨਾਮ ਅਤੇ ਪਤਾ, ਅਤੇ ਆਮਦਨੀ ਦੀ ਰਕਮ ਅਤੇ ਸਰੋਤ, ਕਟੌਤੀਆਂ ਅਤੇ ਕ੍ਰੈਡਿਟ ਸ਼ਾਮਲ ਹਨ ਜੋ ਤੁਹਾਡੇ ਟੈਕਸ ਰਿਟਰਨ ‘ਤੇ ਦਾਅਵਾ ਕੀਤੇ ਗਏ ਸਨ, ਜਾਂ ਇਸ ਵਿੱਚ ਸ਼ਾਮਲ ਸਨ। ਜਿਹੜੀ ਟੈਕਸ ਰਿਟਰਨ ਜਾਣਕਾਰੀ ਦਾ ਖੁਲਾਸਾ ਕੀਤਾ ਜਾਵੇਗਾ ਉਸ ਵਿੱਚ ਨਾਮ, SSN, ਜਨਮ ਤਾਰੀਖ, ਅਤੇ ਕਿਸੇ ਵੀ ਨਿਰਭਰ ਵਿਅਕਤੀ ਦਾ ਸਬੰਧ ਵੀ ਸ਼ਾਮਲ ਹੈ ਜਿਸਦਾ ਤੁਹਾਡੇ ਟੈਕਸ ਰਿਟਰਨ ਵਿੱਚ ਦਾਅਵਾ ਕੀਤਾ ਗਿਆ ਸੀ।

ਤੁਹਾਨੂੰ ਇਸ ਸਾਲ ਟੈਕਸ ਰਿਟਰਨ ਤਿਆਰ ਕਰਨ ਵਾਲੇ VITA/TCE ਭਾਈਵਾਲ ਲਈ ਸਹਿਮਤੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ। ਗਲੋਬਲ ਕੈਰੀ ਫਾਰਵਰਡ ਸਿਰਫ ਤਾਂ ਹੀ ਤੁਹਾਡੀ ਸਹਾਇਤਾ ਕਰੇਗਾ ਜੇਕਰ ਤੁਸੀਂ ਅਗਲੇ ਸਾਲ ਕਿਸੇ ਵੱਖਰੇ VITA ਜਾਂ TCE ਭਾਈਵਾਲ ‘ਤੇ ਜਾਂਦੇ ਹੋ ਜੋ TaxSlayer ਦੀ ਵਰਤੋਂ ਕਰਦਾ ਹੈ।

**ਸਹਿਮਤੀ ਦੀ ਮਿਆਦ ਦੀ ਸੀਮਾ:** ਮੈਂ/ਅਸੀਂ, ਟੈਕਸਦਾਤਾ, ਟੈਕਸ ਰਿਟਰਨ ਜਾਣਕਾਰੀ ਦੇ ਖੁਲਾਸੇ ਦੀ ਸਹਿਮਤੀ ਦੀ ਮਿਆਦ ਨੂੰ ਉਪਰੋਕਤ (30 ਨਵੰਬਰ, 2024) ਤਾਰੀਖ ਤੋਂ ਪਹਿਲਾਂ ਦੀ ਤਾਰੀਖ ਤੱਕ ਸੀਮਤ ਨਹੀਂ ਕਰਨਾ ਚਾਹੁੰਦਾ/ਚਾਹੁੰਦੀ/ਚਾਹੁੰਦੇ ਹਾਂ। ਜੇਕਰ ਮੈਂ/ਅਸੀਂ ਖੁਲਾਸੇ ਦੀ ਸਹਿਮਤੀ ਦੀ ਮਿਆਦ ਨੂੰ ਪਹਿਲਾਂ ਦੀ ਮਿਤੀ ਤੱਕ ਸੀਮਤ ਕਰਨਾ ਚਾਹੁੰਦਾ/ਚਾਹੁੰਦੀ/ਚਾਹੁੰਦੇ ਹਾਂ, ਤਾਂ ਮੈਂ/ਅਸੀਂ ਸਹਿਮਤੀ ਨੂੰ ਅਸਵੀਕਾਰ ਕਰਾਂਗਾ/ਕਰਾਂਗੀ/ਕਰਾਂਗੇ।

**ਖੁਲਾਸੇ ਦੀ ਗੁੰਜਾਇਸ਼ ਦੀ ਸੀਮਾ:** ਮੈਂ/ਅਸੀਂ, ਟੈਕਸਦਾਤਾ, ਟੈਕਸ ਰਿਟਰਨ ਦੀ ਜਾਣਕਾਰੀ ਦੇ ਖੁਲਾਸੇ ਦੀ ਗੁੰਜਾਇਸ਼ ਨੂੰ ਉਪਰੋਕਤ ਪੇਸ਼ ਕੀਤੇ ਜਾਣ ਨਾਲੋਂ ਸੀਮਤ ਨਹੀਂ ਕਰਨਾ ਚਾਹੁੰਦਾ/ਚਾਹੁੰਦੀ/ਚਾਹੁੰਦੇ ਹਾਂ। ਜੇਕਰ ਮੈਂ/ਅਸੀਂ ਟੈਕਸ ਰਿਟਰਨ ਜਾਣਕਾਰੀ ਦੇ ਖੁਲਾਸੇ ਦੀ ਗੁੰਜਾਇਸ਼ ਉਪਰੋਕਤ ਪੇਸ਼ਕਸ਼ ਤੋਂ ਇਲਾਵਾ ਹੋਰ ਸੀਮਤ ਕਰਨਾ ਚਾਹੁੰਦਾ/ਚਾਹੁੰਦੇ ਹਾਂ, ਤਾਂ ਮੈਂ/ਅਸੀਂ ਸਹਿਮਤੀ ਨੂੰ ਅਸਵੀਕਾਰ ਕਰਾਂਗਾ/ ਕਰਾਂਗੀ/ ਕਰਾਂਗੇ।

**ਸਹਿਮਤੀ:**

ਮੈਂ/ਅਸੀਂ, ਟੈਕਸਦਾਤਾ ਨੇ ਉਪਰੋਕਤ ਜਾਣਕਾਰੀ ਨੂੰ ਪੜ੍ਹ ਲਿਆ ਹੈ।

ਮੈਂ/ਅਸੀਂ ਉਪਰੋਕਤ ਗਲੋਬਲ ਕੈਰੀ ਫਾਰਵਰਡ ਸ਼ਰਤਾਂ ਵਿੱਚ ਵਰਣਨ ਕੀਤੀ ਟੈਕਸ ਰਿਟਰਨ ਜਾਣਕਾਰੀ ਦੇ ਖੁਲਾਸੇ ਲਈ ਸਹਿਮਤ ਹਾਂ ਅਤੇ ਟੈਕਸ ਰਿਟਰਨ ਤਿਆਰ ਕਰਨ ਵਾਲੇ ਨੂੰ ਮੇਰੇ ਵੱਲੋਂ ਟੈਕਸ ਤਿਆਰੀ ਸੌਫਟਵੇਅਰ ਵਿੱਚ PIN ਦਰਜ ਕਰਨ ਦੀ ਇਜ਼ਾਜ਼ਤ ਦਿੰਦਾ/ਦਿੰਦੇ ਹਾਂ ਤਾਂ ਕਿ ਇਹ ਤਸਦੀਕ ਕੀਤਾ ਜਾ ਸਕੇ ਕਿ ਮੈਂ/ਅਸੀਂ ਇਸ ਖੁਲਾਸੇ ਦੀਆਂ ਸ਼ਰਤਾਂ ਨਾਲ ਸਹਿਮਤ ਹਾਂ।

| ਪ੍ਰਾਇਮਰੀ ਟੈਕਸਦਾਤਾ ਦਾ ਪ੍ਰਿੰਟਿਡ ਨਾਮ ਅਤੇ ਦਸਤਖਤ | ਤਾਰੀਖ |
|---|---|
| ਸੈਕੰਡਰੀ ਟੈਕਸਦਾਤਾ ਦਾ ਪ੍ਰਿੰਟਿਡ ਨਾਮ ਅਤੇ ਦਸਤਖਤ | ਤਾਰੀਖ |

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਟੈਕਸ ਰਿਟਰਨ ਦੀ ਜਾਣਕਾਰੀ ਦਾ ਖੁਲਾਸਾ ਕਾਨੂੰਨ ਦੁਆਰਾ ਗਲਤ ਤਰੀਕੇ ਨਾਲ ਜਾਂ ਤੁਹਾਡੀ ਆਗਿਆ ਤੋਂ ਬਿਨਾਂ ਕਿਸੇ ਅਣਅਧਿਕਾਰਤ ਤਰੀਕੇ ਨਾਲ ਕੀਤਾ ਗਿਆ ਹੈ, ਤਾਂ ਤੁਸੀਂ ਟ੍ਰੈਜ਼ਰੀ ਇੰਸਪੈਕਟਰ ਜਨਰਲ ਫਾਰ ਟੈਕਸ ਐਡਮਨਿਸਟ੍ਰੇਸ਼ਨ (TIGTA) ਨਾਲ 1-800-366-4484 'ਤੇ ਟੈਲੀਫੋਨ ਰਾਹੀਂ, ਜਾਂ complaints@tigta.treas.gov ‘ਤੇ ਈ-ਮੇਲ ਰਾਹੀਂ ਸੰਪਰਕ ਕਰ ਸਕਦੇ ਹੋ।